7/12

## ਜਮਾਤ ਬਾਰ੍ਹਵੀਂ

## ਵਿਸ਼ਾ-ਰਾਜਨੀਤੀ ਸ਼ਾਸਤਰ

**ਸਮਾਂ-3 ਘੰਟੇ** **ਮਾਡਲ ਟੈਸਟ ਪੇਪਰ-3** **ਕੁੱਲ ਅੰਕ-90**

## MR/HI/VI ਵਿਦਿਆਰਥੀਆਂ ਲਈ ਪ੍ਰਸ਼ਨ ਪੱਤਰ

1. ਸਾਰੇ ਪ੍ਰਸ਼ਨ ਜਰੂਰੀ ਹਨ। ਹਰ ਇੱਕ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਦਿੱਤੇ ਗਏ ਹਨ।
2. ਇਸ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ,ਅ ਅਤੇ ੲ ਹਨ।
3. ਭਾਗ ੳ ਵਿੱਚ ਪ੍ਰਸ਼ਨ ਨੰ: 1 ਅਧੀਨ I ਤੋਂ XX ਵਸਤੂਨਿਸ਼ਠ ਪ੍ਰਸ਼ਨ ਹਨ ਜਿਨ੍ਹਾਂ ਵਿੱਚ ਬਹੁ ਵਿਕਲਪੀ, ਸਹੀ ਮਿਲਾਨ, ਖਾਲੀ ਥਾਵਾਂ ਅਤੇ ਠੀਕ/ਗਲਤ ਵਾਲੇ ਪ੍ਰਸ਼ਨ ਪਾਏ ਗਏ ਹਨ।
4. ਭਾਗ ਅ ਵਿੱਚ 2 ਤੋਂ 13 ਪ੍ਰਸ਼ਨ ਹਨ। ਹਰ ਇੱਕ ਪ੍ਰਸ਼ਨ ਦੇ 3 ਅੰਕ ਹਨ। 12 ਪ੍ਰਸ਼ਨਾ ਵਿੱਚੋਂ ਕੋਈ 10 ਪ੍ਰਸ਼ਨ ਹੱਲ ਕਰਨੇ ਹਨ। ਇੰਨਾਂ ਪ੍ਰਸ਼ਨਾਂ ਦੇ ਉੱਤਰ ਇੱਕ ਤੋਂ ਦੋ ਵਾਕਾਂ ਵਿੱਚ ਦੇਵੋ।
5. ਭਾਗ ੲ ਵਿੱਚ 14 ਤੋਂ 20 ਤੱਕ 7 ਪ੍ਰਸ਼ਨ ਹਨ। ਹਰ ਇੱਕ ਪ੍ਰਸ਼ਨ ਦੇ 4 ਅੰਕ ਹਨ। ਇੰਨਾਂ ਵਿੱਚੋਂ ਕੋਈ 5 ਪ੍ਰਸ਼ਨ ਕਰਨੇ ਹਨ। ਇੰਨਾਂ ਦੇ ਉੱਤਰ ਛੇ ਤੋਂ ਅੱਠ ਵਾਕਾਂ ਵਿੱਚ ਦੇਵੋ।

### ਭਾਗ-ੳ

**ਪ੍ਰਸ਼ਨ-1** **2×20=40**

**ਬਹੁ ਵਿਕਲਪੀ ਪ੍ਰਸ਼ਨ**

I) ਹੇਠ ਲਿਖਿਆ ਵਿੱਚੋਂ ਸਤਿਆਗ੍ਰਹਿ ਦੀ ਵਿਧੀ ਕਿਹੜੀ ਹੈ?

(ੳ) ਹਿਜਰਤ (ਅ) ਸਿਵਲ ਨਾ ਫੁਰਮਾਨੀ

(ੲ) ਵਰਤ ਰੱਖਣਾ (ਸ) ਉਪਰੋਕਤ ਸਾਰੇ

II) ਹੇਠ ਲਿਖਿਆ ਵਿੱਚੋਂ ਕਿਹੜਾ ਲੋਕਮਤ ਦੇ ਨਿਰਮਾਣ ਦੀ ਬਿਜਲਈ ਸਾਧਨ ਨਹੀਂ ਹੈ?

(ੳ) ਸਿਨੇਮਾ (ਅ) ਰੇਡਿਓ

(ੲ) ਵਿਦਿਅਕ ਸੰਸਥਾਵਾਂ (ਸ) ਟੈਲੀਵਿਜ਼ਨ

III) ਹੇਠ ਲਿਖਿਆਂ ਵਿੱਚੋਂ ਕਿਹੜੇ ਦੇਸ਼ ਦਾ ਕਾਨੂੰਨ ਲੋਬਿੰਗ ਪੈਰਵੀ ਦੀ ਆਗਿਆ ਦਿੰਦਾ ਹੈ।

(ੳ) ਅਮਰੀਕਾ (ਅ) ਇੰਗਲੈਂਡ

(ੲ) ਭਾਰਤ (ਸ) ਫਰਾਂਸ

IV) ਪੰਜਾਬ ਦੇ ਕਿਸ ਸ਼ਹਿਰ ਵਿੱਚ ਨਗਰ ਨਿਗਮ ਨਹੀ ਹੈ?

(ੳ) ਅਮ੍ਰਿੰਤਸਰ (ਅ) ਕਪੂਰਥਲਾ

(ੲ) ਪਟਿਆਲਾ (ਸ) ਜਲੰਧਰ

V) ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਦੀ ਸਥਾਪਨਾ ਕਦੋਂ ਹੋਈ?

(ੳ) 1980 (ਅ) 1990

(ੲ) 1885 (ਸ) 1895

**ਖਾਲੀ ਥਾਵਾਂ ਭਰੋ:-**

VI) ਪੁਰਾਤਨ ਉਦਾਰਵਾਦ------------ਨੂੰ ਜਰੂਰੀ ਬੁਰਾਈ ਮੰਨਦਾ ਹੈ। ( ਰਾਜ/ਸਮਾਜ)

VII)ਨੌਕਰਸ਼ਾਹੀ ਦੇ ਮੈਬਰਾਂ ਦਾ ਕਾਰਜਕਾਲ-----------------ਹੁੰਦਾ ਹੈ। (ਸਥਾਈ/ ਅਸਥਾਈ)

VIII) ਰਾਜਨੀਤਕ ਦਲ ---------------ਦੀ ਜਿੰਦਜਾਨ ਹੁੰਦੇ ਹਨ। (ਲੋਕਤੰਤਰ/ਤਾਨਾਸ਼ਾਹੀ)

IX) ਨਗਰ ਨਿਗਮ ਦੇ ਮੁੱਖੀ ਨੂੰ -----------ਕਿਹਾ ਜਾਂਦਾ ਹੈ। (ਪ੍ਰਧਾਨ/ ਮੇਅਰ)

X)ਭਾਰਤੀ ਵਿਦੇਸ਼ ਨੀਤੀ ਦੇ ਨਿਰਮਾਤਾ-----ਹਨ।(ਪੰਡਿਤ ਜਵਾਹਰ ਲਾਲ ਨਹਿਰੂ/ਮਹਾਤਮਾ ਗਾਂਧੀ)

**ਸਹੀ ਮਿਲਾਨ ਕਰੋ**

| | |
|---|---|
| XI) ਡੇਵਿਡ ਈਸਟਨ | ਸੀਮਾ ਸੰਬੰਧੀ ਸਮੱਸਿਆ |
| XII) ਨਾਂ ਮਾਤਰ ਕਾਰਜ ਪਾਲਿਕਾ | ਪੰਚਾਇਤ ਸੰਮਤੀ |
| XIII) ਪੇਂਡੂ ਸਥਾਨਕ ਸੰਸਥਾ | ਰਾਜਨੀਤਿਕ ਪ੍ਰਣਾਲੀ |
| XIV) ਸ਼ਹਿਰੀ ਸਥਾਨਕ ਸੰਸਥਾ | ਨਗਰ ਪੰਚਾਇਤ |
| XV) ਭਾਰਤ/ਪਾਕ ਸਮੱਸਿਆ | ਰਾਸ਼ਟਰਪਤੀ |

**ਸਹੀ/ ਗਲਤ**

XVI) ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆਪਾਲਿਕਾ ਤੇ ਨੌਕਰਸ਼ਾਹੀ ਰਾਜਨੀਤਿਕ ਪ੍ਰਣਾਲੀ ਦੇ ਰਸਮੀ ਢਾਂਚੇ ਹਨ। (ਸਹੀ/ ਗਲਤ)

XVII) ਰਾਜਨੀਤਿਕ ਸਮਾਜੀਕਰਣ ਦੀ ਕ੍ਰਿਆ ਹਰ ਸਮਾਜ ਵਿੱਚ ਹੁੰਦੀ ਹੈ। (ਸਹੀ/ਗਲਤ)

XVIII) ਭਾਰਤ ਦੀ ਸੰਵਿਧਾਨ ਵਿੱਚ ਛੂਤ ਛਾਤ ਦੀ ਮਨਾਹੀ ਕੀਤੀ ਗਈ ਹੈ। ( ਸਹੀ/ਗਲਤ)

XIX) ਭਾਰਤ ਬਸਤੀਵਾਦ ਤੇ ਨਸਲਵਾਦ ਦੀ ਵਿਰੋਧਤਾ ਕਰਦਾ ਹੈ। ( ਸਹੀ/ ਗਲਤ)

XX) ਆਰੰਭ ਵਿੱਚ ਸਾਰਕ ਦੇ ਮੈਂਬਰ ਸੱਤ ਦੇਸ਼ ਸਨ। ( ਸਹੀ/ਗਲਤ)

**ਭਾਗ-ਅ**

**ਕੋਈ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ** **ਅੰਕ 3×10=30**

2) ਤੁਲਨਾਤਮਕ ਰਾਜਨੀਤੀ ਦਾ ਅਰਥ ਦੱਸੋ ।

3) ਕਾਰਲ ਮਾਰਕਸ ਦੀਆਂ ਰਚਨਾਵਾਂ ਦੇ ਨਾ ਦੱਸੋ।

4) ਭਾਰਤੀ ਜਨਤਾ ਪਾਰਟੀ ਦੀਆਂ 3 ਨੀਤੀਆਂ ਦੱਸੋ।

5) ਨਗਰ ਪਾਲਿਕਾ ਦੇ ਕੋਈ 3 ਕੰਮ ਦੱਸੋ।

6) ਜਨ ਸਹਿਭਾਗਤਾ ਤੋਂ ਕੀ ਭਾਵ ਹੈ?

7) ਗਾਂਧੀ ਜੀ ਦੇ ਸਿਵਲ ਨਾਫਰਮਾਨੀ ਤੋਂ ਕੀ ਭਾਵ ਹੈ।

8) ਨੌਕਰਸ਼ਾਹੀ ਦੇ 3 ਕੰਮ ਦੱਸੋ।

9) ਸਿਹਤਮੰਦ( ਸਵਸਥ) ਲੋਕਮਤ ਦੇ ਰਾਹ ਵਿੱਚ 3 ਰੁਕਾਵਟਾ ਦੱਸੋ।

10) ਵਿਸ਼ਵੀਕਰਣ ਤੋਂ ਕੀ ਭਾਵ ਹੈ?

11) ਪੰਚਸ਼ੀਲ ਸਮਝੌਤਾ ਕਦੋਂ ਤੇ ਕਿਹੜੇ ਦੇਸ਼ਾਂ ਵਿਚਕਾਰ ਹੋਇਆ?

12) ਰਾਸ਼ਟਰੀ ਏਕੀਕਰਣ ਤੋਂ ਕੀ ਭਾਵ ਹੈ?

13) ਭਾਰਤ ਨੇ ਸੰਸਦੀ ਢਾਂਚਾ ਕਿਉ ਅਪਣਾਇਆ?

**ਭਾਗ-ਏ**

**ਕੋਈ 5 ਪ੍ਰਸ਼ਨਾਂ ਦੇ ਉੱਤਰ ਛੇ ਜਾਂ ਅੱਠ ਵਾਕਾਂ ਵਿੱਚ ਦਿਓ** **ਅੰਕ-4×5=20**

14) ਫੀਡ ਬੈਕਲੂਪ ਪ੍ਰਨਾਲੀ ਦਾ ਵਰਣਨ ਕਰੋ।

15) ਸੰਮਕਾਲੀ ਤੇ ਪੁਰਾਤਨ ਉਦਾਰਵਾਦ ਵਿੱਚ 4 ਅੰਤਰ ਦੱਸੋ।

16) ਦਬਾਓ ਸਮੂਹਾਂ ਦੀ ਕਾਰਜ ਵਿਧੀ ਦੇ 4 ਢੰਗਾ ਦਾ ਵਰਨਣ ਕਰੋ।

17) ਸਮਾਜਿਕ ਅਸਮਾਨਤਾ ਦੇ ਭਾਰਤੀ ਲੋਕਤੰਤਰ ਤੇ ਪ੍ਰਭਾਵ ਦੱਸੋ?

18) ਭਾਰਤ ਚੀਨ ਵਿਚਕਾਰ ਮਾੜੇ ਸੰਬੰਧਾਂ ਦੇ ਕੋਈ 4 ਕਾਰਣ ਦੱਸੋ?

19) ਭਾਰਤ ਦੀ ਸੰਯੁਕਤ ਰਾਸ਼ਟਰ ਵਿੱਚ ਭੂਮਿਕਾ ਤੇ ਨੋਟ ਲਿਖੋ?

20)ਰਾਜਨੀਤਿਕ ਦਲਾਂ ਦੇ ਕੋਈ 4 ਕੰਮ ਦੱਸੋ।